ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ
6ਵੀਂ ਮੰਜਿਲ, ਈ-ਬਲਾਕ, ਫੇਜ-8, ਐਸ.ਏ.ਐਸ ਨਗਰ (ਅਮਲਾ-2 ਸ਼ਾਖਾ)

# ਪਬਲਿਕ ਨੋਟਿਸ

ਨੰ: ਈ/981654 ਮਿਤੀ 04.06.2026

1. ਸਿੱਖਿਆ ਵਿਭਾਗ, ਪੰਜਾਬ ਵਿੱਚ ਈ.ਟੀ..ਟੀ. ਕਾਡਰ ਦੀਆਂ 5994 ਆਸਾਮੀਆਂ ਭਰਨ ਲਈ ਮਿਤੀ 12-10-2022 ਨੂੰ ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਪ੍ਰਕਿਰਿਆ ਅਧੀਨ ਪੂਰਵਲੀਆਂ ਸਿਲੈਕਸਨ ਸੂਚੀਆਂ ਦੇ ਨਾਨ- ਜੁਆਇਨ ਉਮੀਦਵਾਰਾਂ ਅਤੇ ਰਿਜਰਵ ਕੈਟਾਗਰੀਆਂ (ਜਰਨਲ ਈ ਐਸ ਐਮ, ਜਰਨਲ ਸਪੋਰਟਸ, ਐਸ.ਸੀ ਈ.ਐਸ.ਐਮ, ਐਸ.ਸੀ ਸਪੋਰਟਸ, ਬੀ.ਸੀ ਈ.ਐਸ.ਐਮ) ਅਧੀਨ ਫਰੈੱਸ ਪੋਸਟਾਂ ਨੂੰ ਡੀ-ਰਿਜਰਵ ਕਰਨ ਉਪਰੰਤ ਭੇਜੀ ਗਈ ਪ੍ਰੋਵੀਜਨਲ ਸਿਲੈਕਸਨ ਸੂਚੀ ਵਿੱਚੋਂ 494 ਯੋਗ ਉਮੀਦਵਾਰਾਂ ਨੂੰ ਮਿਤੀ 05.06.2026 ਤੋਂ 07.06.2026 ਤੱਕ ਆਨਲਾਈਨ ਸਟੇਸ਼ਨ ਚੋਣ ਕਰਵਾਈ ਜਾਣੀ ਹੈ।

2. ਉਕਤ ਪ੍ਰਾਪਤ ਪ੍ਰੋਵੀਜਨਲ ਚੋਣ ਸੂਚੀ ਵਿਚਲੇ ਯੋਗ ਉਮੀਦਵਾਰਾਂ ਨੂੰ ਨਾਨ- ਬਾਰਡਰ ਏਰੀਆ ਦੇ 17 ਜਿਲਿਆਂ ਵਿੱਚ ਮੌਜੂਦ ਸਬੰਧਤ ਕੈਟਾਗਰੀ ਦੀਆਂ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸਾਖਾ ਵਲੋਂ ਆਨਲਾਈਨ ਪ੍ਰਕਿਰਿਆ ਰਾਹੀਂ ਸਟੇਸ਼ਨ ਚੋਣ ਕਰਵਾਈ ਜਾਣੀ ਹੈ। ਹਦਾਇਤ ਕੀਤੀ ਜਾਂਦੀ ਹੈ ਕਿ ਹਰੇਕ ਉਮੀਦਵਾਰ ਉਕਤ ਸ਼ਡਿਊਲ ਅਨੁਸਾਰ ਆਪਣੀ ਚੁਆਇਸ ਦੇ ਸਟੇਸਨ ਚੋਣ ਕਰਨਾ ਯਕੀਨੀ ਬਣਾਵੇ। ਹਰੇਕ ਉਮੀਦਵਾਰ ਆਪਣੀ ਆਈ.ਡੀ ਵਿੱਚ ਦਿਖਾਈ ਗਈ ਵੈਕੰਸੀ ਲਿਸਟ ਵਿੱਚੋਂ ਆਪਣੀ ਚੁਆਇਸ ਦੇ ਸਟੇਸਨਾਂ ਦੀ ਆਪਸ਼ਨ ਆਪਣੀ ਆਈ ਡੀ ਵਿੱਚ ਚੁਣ ਸਕਦੇ ਹਨ। ਹਰ ਉਮੀਦਵਾਰ ਦਿਖਾਏ ਗਏ ਸਟੇਸ਼ਨਾਂ ਦੀ ਸੂਚੀ ਕਿਤਨੇ ਵੀ ਸਟੇਸ਼ਨ ਚੁਆਇਸ ਕਰ ਸਕਦਾ ਹੈ। ਇਹ ਪ੍ਰਕਿਰਿਆ ਸਮੁੱਚੇ ਰੂਪ ਵਿੱਚ ਆਨਲਾਈਨ ਹੀ ਹੋਵੇਗੀ। ਜੋ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕਿਰਿਆ ਤਹਿਤ ਐਮ.ਆਈ.ਐਸ ਸ਼ਾਖਾ ਵਲੋਂ ਆਪਣੇ ਪੱਧਰ ਤੇ ਅਲਾਟ ਕਰ ਦਿੱਤਾ ਜਾਵੇਗਾ ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

3. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ ਇਸ ਕਾਡਰ ਵਿੱਚ ਈ.ਟੀ.ਟੀ 5994 ਭਰਤੀ ਅਧੀਨ ਪਹਿਲਾਂ ਹੀ ਨਿਯੁਕਤ ਹਨ, ਉਹ ਉਮਦੀਵਾਰ ਆਪਸ਼ਨ ਦੇ ਕੇ ਆਪਣੀ ਕੈਟਾਗਰੀ ਬਦਲ ਸਕਦੇ ਹਨ ਅਤੇ ਇਹਨਾਂ ਉਮੀਦਵਾਰਾਂ ਨੂੰ ਪਹਿਲਾ ਅਲਾਟ ਕੀਤੇ ਸਟੇਸਨ ਬਦਲੇ ਨਹੀਂ ਜਾਣਗੇ। ਜੋ ਉਮੀਦਵਾਰ ਈ ਟੀ ਟੀ ਕਾਡਰ ਦੀ ਕਿਸੇ ਹੋਰ ਭਰਤੀ ਅਧੀਨ ਪਹਿਲਾਂ ਹੀ ਇਸ ਵਿਭਾਗ ਵਿੱਚ ਨਿਯੁਕਤ ਹੋ ਚੁੱਕੇ ਹਨ, ਉਹ ਉਮੀਦਵਾਰ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ ਪ੍ਰੰਤੂ ਇਹ ਨਿਯੁਕਤੀ ਈ ਟੀ ਟੀ ਦੀ 5994 ਅਸਾਮੀਆਂ ਦੀ ਭਰਤੀ ਅਨੁਸਾਰ ਨਵੀਂ ਨਿਯੁਕਤੀ ਮੰਨੀ ਜਾਵੇਗੀ ਅਤੇ ਇਸ ਦੇ ਅਧਾਰ ਤੇ ਹੀ ਉਹਨਾਂ ਦੀ ਸੀਨੀਆਰਤਾ ਫਿਕਸ ਕੀਤੀ ਜਾਵੇਗੀ।

ਸਹਾਇਕ ਡਾਇਰੈਕਟਰ (ਅਮਲਾ-2)